# ਆਖ਼ਰੀ ਲਫ਼ਜ਼

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਤਰ੍ਹਾਂ-ਤਰ੍ਹਾਂ ਦੇ ਸੰਸਾਰਿਕ ਡਰਾਂ ਕਾਰਣ ਜੀਵ ਕਈ ਤਰ੍ਹਾਂ ਦੀਆਂ ਪ੍ਰਵ੍ਰਿਤੀਆਂ ਕਰਦਾ ਹੈ। ਧਾਰਮਿਕ ਕਰਮਾਂ ਵਿੱਚ ਪ੍ਰਵ੍ਰਿਤੀ ਵੀ ਬਹੁਤਾ ਕਰ ਕੇ ਡਰ ਕਾਰਣ ਹੀ ਹੁੰਦੀ ਹੈ ।

ਪ੍ਰਵ੍ਰਿਤੀ ਦਾ ਮੁੱਖ ਉਦੇਸ਼ ਗਿਆਨ ਦੀ ਪ੍ਰਾਪਤੀ ਹੀ ਹੋਣਾ ਚਾਹੀਦਾ ਹੈ। ਗਿਆਨ ਦੇ ਸਾਧਨ (ਪ੍ਰਮਾਣ) ਕਈ ਹਨ, ਪਰ ਸ਼ਬਦ ਦੀ ਆਪਣੀ ਮਹਾਨਤਾ ਹੈ। ਸਤਿਗੁਰੂ ਦੇ ਸ਼ਬਦ ਨੂੰ ਸੁਣ ਕੇ ਸਾਧਕ ਉਸ ਬਾਰੇ ਡੂੰਘਾਈ ਨਾਲ ਮਨਨ (ਵੀਚਾਰ) ਕਰਦਾ ਹੈ। ਗੁਰੂ ਦੇ ਸ਼ਬਦ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੋਇਆ, ਉਹ ਗੁਰੂ ਦੀ ਕਿਰਪਾ ਨਾਲ ਸਮਾਧੀ ਦੀ ਸਥਿੱਤੀ ਵਿੱਚ ਪੁੱਜਦਾ ਹੈ। ਸਮਾਧੀ ਤੋਂ ਪ੍ਰਾਪਤ ਗਿਆਨ ਹੀ ਸੱਚਾ ਗਿਆਨ ਹੈ।

ਧਨ-ਦੌਲਤ, ਸੰਸਾਰੀ ਦੋਸਤਾਂ, ਕਿਤਾਬੀ ਗਿਆਨ, ਤੇ ਹੋਰ ਸਭ ਪ੍ਰਕਾਰ ਦੇ ਦੁਨੀਆਵੀ ਤੇ ਦਿੱਬ ਵਿਸ਼ਿਆਂ ਪ੍ਰਤੀ ਉਸ ਦੇ ਮਨ ਵਿੱਚ ਕੋਈ ਖਿੱਚ ਨਹੀਂ ਰਹਿੰਦੀ। ਸ੍ਰੀ ਅਸ਼ਟਾਵਕਰ ਜੀ ਤੋਂ ਗਿਆਨ ਪ੍ਰਾਪਤ ਹੋਣ ਤੋਂ ਬਾਅਦ ਮਹਾਰਾਜ ਜਨਕ ਕਹਿ ਉੱਠਦੇ ਹਨ: -

> क्व धनानि क्व मित्राणि क्व मे विषयदस्यव: ।
> क्व शास्त्रम क्वच विज्ञानम यदा मे गलिता स्पृहा॥२॥ (२, अध्याय १४, शांति चतुष्टय प्रकरण, अष्टावक्र गीता)।
>
> ਜਦੋਂ ਮੇਰੀ ਇੱਛਾ ਗਲ਼ ਗਈ (ਖ਼ਤਮ ਹੋ ਗਈ), ਤਾਂ (ਹੁਣ) ਮੇਰੇ ਲਈ ਧਨ ਆਦਿ ਕਿੱਥੇ? ਮਿੱਤਰ ਕਿੱਥੇ? ਵਿਸ਼ੇ (-ਵਿਕਾਰ) ਰੂਪੀ ਡਾਕੂ ਕਿੱਥੇ? ਸ਼ਾਸਤਰ ਕਿੱਥੇ? ਤੇ, ਵਿਗਿਆਨ ਕਿੱਥੇ? (੨, ਅਧਿਆਏ ੧੪, ਅਸ਼ਟਾਵਕਰ ਗੀਤਾ)।

ਮੁਕਤੀ ਦੀ ਇੱਛਾ ਵੀ ਉਦੋਂ ਤੱਕ ਹੀ ਰਹਿੰਦੀ ਹੈ, ਜਦ ਤਕ ਜੀਵ ਤ੍ਰਿਗੁਣ ਦੇ ਬੰਧਨ ਵਿੱਚ ਜਕੜਿਆ ਹੋਇਆ ਮਹਿਸੂਸ ਕਰਦਾ ਹੈ। ਆਤਮਬੋਧ ਹੋਣ ਅਤੇ ਤ੍ਰਿਗੁਣ ਪ੍ਰਤੀ ਤ੍ਰਿਸ਼ਨਾ ਖ਼ਤਮ ਹੋਣ ਨਾਲ ਜਿਗਿਆਸੂ ਵੈਰਾਗ ਦੀ ਅਜਿਹੀ ਸਥਿੱਤੀ ਵਿੱਚ ਪੁੱਜਦਾ ਹੈ, ਜਿੱਥੇ ਉਹ ਮੁਕਤੀ ਦੀ ਇੱਛਾ ਵੀ ਤਿਆਗ ਦਿੰਦਾ ਹੈ।

> ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ (੫੩੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।
>
> विज्ञाते साक्षिपुरुषे परमात्मनि चेश्वरे।
> नै राश्ये बंध मोक्षे च न चिंता मुक्तये मम॥३॥
> (३, अध्याय १४, शांति चतुष्टय प्रकरण, अष्टावक्र गीता)।
>
> ਸਾਕਸ਼ੀ-ਪੁਰਖ (ਆਤਮਾ), ਪਰਮਾਤਮਾ ਤੇ ਈਸ਼ਵਰ ਨੂੰ ਜਾਣਨ ਤੋਂ ਬਾਅਦ, ਮੈਂ ਆਸ਼ਾਹੀਣ ਤੇ ਬੰਧਨ ਤੋਂ ਮੁਕਤ ਹਾਂ । ਇਸਲਈ ਮੈਨੂੰ ਮੁਕਤੀ ਦੀ ਚਿੰਤਾ ਨਹੀਂ । (੩, ਅਧਿਆਏ ੧੪, ਅਸ਼ਟਾਵਕਰ ਗੀਤਾ)।

ਜੀਵਨ-ਮੁਕਤ ਦੇ ਮਨ ਵਿੱਚ ਕੋਈ ਇੱਛਾ ਨਹੀਂ ਰਹਿੰਦੀ। ਜਦੋਂ ਕੋਈ ਇੱਛਾ ਹੀ ਨਹੀਂ ਰਹਿੰਦੀ, ਤਾਂ ਇੱਛਾ ਪੂਰੀ ਨਾ ਹੋਣ ਦਾ ਕੋਈ ਡਰ ਵੀ ਨਹੀਂ ਰਹਿੰਦਾ। ਨਿਰਭਉ ਪ੍ਰਭੂ ਦੀ ਯਾਦ ਵਿੱਚ ਜੁੜਿਆ ਅਜਿਹਾ ਗਿਆਨੀ ਖ਼ੁਦ ਵੀ ਨਿਰਭਉ ਅਵਸਥਾ ਪ੍ਰਾਪਤ ਕਰ ਲੈਂਦਾ ਹੈ।

> ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥
> (੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।
>
> ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥੨॥੧॥
> (੭੧੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)।

ਭੈਅ ਕਾਰਣ ਪ੍ਰਵ੍ਰਿਤ ਹੋਇਆ ਸਾਧਕ ਹੁਣ ਨਿਰਭਉ ਹੋ ਕੇ ਨਿਵ੍ਰਿਤ ਹੋ ਗਿਆ ਹੈ।

--0--